ਨੰ:2/107/2007-2ਸਿ:3/21091

ਪੰਜਾਬ ਸਰਕਾਰ

ਸਿੱਖਿਆ ਵਿਭਾਗ

(ਸਿੱਖਿਆ-3-ਸ਼ਾਖਾ)

ਸੇਵਾ ਵਿਖੇ,

ਪ੍ਰਿੰਸੀਪਲ,
ਮਾਨਵ ਸਹਿਯੋਗ ਸਕੂਲ, ਪਿੰਡ ਸ਼ਾਹਪੁਰ,
ਜਿਲ੍ਹਾ ਜਲੰਧਰ।

ਮਿਤੀ,ਚੰਡੀਗੜ੍ਹ: 9-8-07

**ਵਿਸ਼ਾ:-** **ਪ੍ਰਿੰਸੀਪਲ, ਮਾਨਵ ਸਹਿਯੋਗ ਸਕੂਲ, ਪਿੰਡ ਸ਼ਾਹਪੁਰ, ਜਿਲ੍ਹਾ ਜਲੰਧਰ, ਨੂੰ ਸੀ.ਬੀ.ਐਸ.ਈ., ਨਵੀਂ ਦਿੱਲੀ ਨਾਲ ਐਫੀਲੀਏਸ਼ਨ ਲੈਣ ਲਈ ਇਤਰਾਜ਼ਹੀਣਤਾ ਸਰਟੀਫਿਕੇਟ ਜਾਰੀ ਕਰਨ ਬਾਰੇ।**

*****

ਸ੍ਰੀਮਾਨ ਜੀ,

ਉਪਰੋਕਤ ਵਿਸ਼ੇ ਦੇ ਹਵਾਲੇ ਵਿੱਚ।

2. ਆਪਦੇ ਸਕੂਲ ਦੀ ਮੈਨੇਜਮੈਂਟ ਵੱਲੋਂ ਪੇਸ਼ ਕੀਤੇ ਗਏ ਦਸਤਾਵੇਜ਼ਾਂ ਸਮੇਤ ਹਲਫੀਆ ਬਿਆਨ, ਜ਼ਿਲ੍ਹਾ ਸਿੱਖਿਆ ਅਫਸਰ (ਸੈ:ਸਿ:), ਜਲੰਧਰ ਅਤੇ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ), ਪੰਜਾਬ, ਚੰਡੀਗੜ੍ਹ ਦੀਆਂ ਸਿਫਾਰਸਾਂ ਨੂੰ ਗਹੁ ਨਾਲ ਵਿਚਾਰਨ ਤੋਂ ਬਾਅਦ ਪੰਜਾਬ ਸਰਕਾਰ ਵੱਲੋਂ ਲੋੜੀਂਦਾ ਇਤਰਾਜਹੀਣਤਾ ਸਰਟੀਫਿਕੇਟ ਹੇਠ ਲਿਖੀਆਂ ਸ਼ਰਤਾਂ ਤੇ ਦਿੱਤਾ ਜਾਂਦਾ ਹੈ:-

1. ਭਵਿੱਖ ਵਿੱਚ ਕਿਸੇ ਵੀ ਸ਼ਿਕਾਇਤ/ਇੰਸਪੈਕਸ਼ਨ ਹੋਣ ਤੇ ਜੇਕਰ ਇਹ ਤੱਥ ਸਾਹਮਣੇ ਆਉਂਦਾ ਹੈ ਕਿ ਆਪ ਵੱਲੋਂ ਇਤਰਾਜਹੀਣਤਾ ਸਰਟੀਫਿਕੇਟ ਲੈਣ ਸਮੇਂ ਸਰਕਾਰ ਨੂੰ ਗਲਤ ਸੂਚਨਾਂ ਦੇ ਆਧਾਰ ਤੇ ਦਰਖਾਸਤ ਦਿੱਤੀ ਗਈ ਹੈ ਅਤੇ ਜਾਂ ਪੰਜਾਬ ਸਰਕਾਰ ਵੱਲੋਂ ਸਮੇਂ-ਸਮੇਂ ਸਿਰ ਜਾਰੀ ਕੀਤੀਆਂ ਹਦਾਇਤਾਂ ਦੀ ਆਪ ਵੱਲੋਂ ਪਾਲਣਾ ਨਹੀਂ ਕੀਤੀ ਜਾਂਦੀ ਅਤੇ ਇਸ ਤਰ੍ਹਾਂ ਹਲਫੀਆ ਬਿਆਨ ਵਿੱਚ ਦਿੱਤੀਆਂ ਲਿਖਤੀ ਸ਼ਰਤਾਂ ਨੂੰ ਨਹੀਂ ਮੰਨਿਆ ਜਾਂਦਾ ਰਿਹਾ, ਤਾਂ ਅਜਿਹੇ ਹਾਲਤ ਵਿੱਚ ਕਿਸੇ ਵੀ ਸਮੇਂ ਇਹ ਇਤਰਾਜਹੀਣਤਾ ਸਰਟੀਫਿਕੇਟ ਵਾਪਿਸ ਲਿਆ ਜਾ ਸਕਦਾ ਹੈ।

2. ਆਪ ਦੇ ਸਕੂਲ ਵਿੱਚ ਪੰਜਾਬੀ ਨੂੰ ਪੜ੍ਹਾਉਣਾ ਦਸਵੀਂ ਪੱਧਰ ਤੱਕ ਲਾਜ਼ਮੀ ਹੋਵੇਗਾ ਅਤੇ ਸੀ.ਬੀ.ਐਸ.ਈ. ਨਵੀਂ ਦਿੱਲੀ ਅਜਿਹੇ ਸਕੂਲਾਂ ਵਿੱਚ ਪੰਜਾਬੀ ਦਾ ਇਮਤਿਹਾਨ ਲੈਣ ਦਾ ਉਪਰਾਲਾ ਲਾਜ਼ਮੀ ਕਰੇਗਾ ਅਤੇ ਇਸ ਦੇ ਨਾਲ ਹੀ ਇਹ ਵੀ ਕਿਹਾ ਜਾਂਦਾ ਹੈ ਕਿ ਅਜਿਹਾ ਨਾ ਕਰਨ ਦੀ ਸੂਰਤ ਵਿੱਚ ਇਤਰਾਜ਼ਹੀਣਤਾ ਸਰਟੀਫਿਕੇਟ ਤੁਰੰਤ ਵਾਪਿਸ ਲੈ ਲਿਆ ਜਾਵੇਗਾ।

PRINCIPAL
MANAV SEHYOG SCHOOL
Vill. Shahpur, Jalandhar

ਚਲਦਾ ਪੰਨਾ--2

CHAIRMAN
MANAV SEHYOG SCHOOL
Vill. Shahpur, Jalandhar

3. ਸੀ.ਬੀ.ਐਸ.ਈ. ਨਵੀਂ ਦਿੱਲੀ ਦੀ ਐਫੀਲੀਏਸ਼ਨ ਲੈਣ ਉਪਰੰਤ ਸਕੂਲ ਦੀ ਮੈਨੇਜਮੈਂਟ ਸਕੂਲ ਦੇ ਟੀਚਿੰਗ ਸਟਾਫ ਅਤੇ ਨਾਨ ਟੀਚਿੰਗ ਸਟਾਫ ਨੂੰ ਸਰਕਾਰੀ ਕਰਮਚਾਰੀਆਂ ਵਾਂਗ ਤਨਖਾਹ ਅਤੇ ਹੋਰ ਭੱਤੇ ਆਦਿ ਦੇਣ ਲਈ ਵਚਨਬੱਧ ਹੋਵੇਗੀ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਇਤਰਾਜ਼ਹੀਣਤਾ ਸਰਟੀਫਿਕੇਟ ਤੁਰੰਤ ਵਾਪਿਸ ਲੈ ਲਿਆ ਜਾਵੇਗਾ।

4. ਤੁਸੀਂ ਖੁਦ ਤੇ ਤੁਹਾਡੀ ਮੈਨੇਜਮੈਂਟ ਇਹ ਵੀ ਯਕੀਨੀ ਬਣਾਏਗੀ ਕਿ ਤੁਹਾਡੇ ਜ਼ਿਲ੍ਹੇ ਦੇ ਜ਼ਿਲ੍ਹਾ ਸਿੱਖਿਆ ਅਫਸਰ ਵੱਲੋਂ ਜਾਂ ਸਿੱਖਿਆ ਵਿਭਾਗ ਦੇ ਕਿਸੇ ਸੀਨੀਅਰ ਅਧਿਕਾਰੀ ਵੱਲੋਂ ਜਦੋਂ ਵੀ ਕਿਸੇ ਤਰ੍ਹਾਂ ਦੀ ਸੂਚਨਾ ਦੀ ਮੰਗ ਕੀਤੀ ਜਾਂਦੀ ਹੈ ਤਾਂ ਉਸਨੂੰ ਲੋੜੀਂਦੀ ਸੂਚਨਾ ਉਪਲਬੱਧ ਕਰਵਾਈ ਜਾਵੇਗੀ ਅਤੇ ਨਾਲ ਹੀ ਲੋੜੀਂਦਾ ਸਹਿਯੋਗ ਵੀ ਦਿੱਤਾ ਜਾਵੇਗਾ।

ਵਿਸ਼ੇਸ਼ ਸਕੱਤਰ ਸਕੂਲ ਸਿੱਖਿਆ

ਪਿੱਠ ਅੰਕਣ ਨੰ: 2/107/2007-2ਸਿ:3/ 21092

ਮਿਤੀ,ਚੰਡੀਗੜ੍ਹ: 9/8/07

ਉਤਾਰਾ ਡਾਇਰੈਕਟਰ, ਸਿੱਖਿਆ ਵਿਭਾਗ (ਸੈ.ਸਿ), ਪੰਜਾਬ, ਚੰਡੀਗੜ੍ਹ ਨੂੰ ਉਨ੍ਹਾਂ ਦੇ ਮੀਮੋ ਨੰ :15/50-2007-ਗਰਾਂਟ-1(5) ਮਿਤੀ 28-6-07 ਦੇ ਹਵਾਲੇ ਵਿੱਚ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਉਪਰੋਕਤ ਸਕੂਲ ਦੀ ਹਰ ਪੰਜ ਸਾਲ ਵਿੱਚ ਘੱਟੋ-ਘੱਟ ਇੱਕ ਵਾਰ ਇੰਸਪੈਕਸਨ ਹਰ ਹਾਲਤ ਵਿੱਚ ਕਰਵਾਈ ਜਾਵੇ ਅਤੇ ਇੰਸਪੈਕਸ਼ਨ ਰਿਪੋਰਟ ਸਰਕਾਰ ਨੂੰ ਭੇਜੀ ਜਾਵੇ ਤਾਂ ਜੋ ਇਹ ਪਤਾ ਲਗਦਾ ਰਹੇ ਕਿ ਸਬੰਧਤ ਸਕੂਲ,ਪੰਜਾਬ ਸਰਕਾਰ ਵੱਲੋਂ ਜਾਰੀ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਦਾ ਰਿਹਾ ਹੈ ਜਾਂ ਨਹੀਂ।

ਵਿਸ਼ੇਸ਼ ਸਕੱਤਰ ਸਕੂਲ ਸਿੱਖਿਆ

PRINCIPAL
MANAV SEHYOG SCHOOL
Vill. Shahpur, Jalandhar

CHAIRMAN
MANAV SEHYOG SCHOOL
Vill. Shahpur, Jalandhar

## TRANSLATION FROM PUNJABI TO ENGLISH

**No. 2/107/2007-2Edu3/21091**
**Government of Punjab**
**Department of Education**
**(Education-3-Branch)**

To,

The Principal,
Manav Sehyog School, Village Shahpur,
District Jalandhar.

Dated, Chandigarh: 9-8-07

**Subject: Regarding issuance of Recognition Certificate for opening a new CBSE affiliated school to Principal, Manav Sehyog School, VillageShahpur, and District Jalandhar.**

Sir/Madam,

With reference to the subject cited above.

2. Your school's management has submitted the required affidavit, site plan, and reports of the District Education Officer (Secondary), Jalandhar and Director Education Department (Secondary), Punjab, Chandigarh. On the basis of these documents, the Punjab Government grants a Recognition Certificate to your school subject to the following conditions:-

    1. If at any stage any discrepancy/irregularity is found in the records/documents submitted by the school, then the Government will have the right to cancel the Recognition Certificate issued to the school. In such a case, the school management will itself be responsible for all consequences and the Government shall not be liable in any manner. Also, if any condition is violated by the school, the Recognition Certificate issued to the school shall automatically stand cancelled.

    2. The school management shall make proper arrangements for providing education in Punjabi language in the school. The school shall also follow all the rules/instructions issued by the Punjab Government and CBSE from time to time. If these conditions are not fulfilled, the Recognition Certificate issued to the school shall be liable to cancellation.

Translation From Punjabi/Hindi/Urdu
To English Attested

NOTARY, JAL. PUNJAB
Mob. 94171-29297

NOTARY ADVOCATE AJAY BAJAJ Regd. No. 6252 JALANDHAR (PB) GOVT OF INDIA

18 MAY 2026

3. For obtaining affiliation from CBSE, the school management shall itself be responsible for fulfilling all the terms and conditions prescribed by CBSE. The Punjab Government shall not be responsible in any way for this. If the school fails to fulfill the required conditions, the Recognition Certificate issued to the school shall be cancelled automatically.

4. In future, if any complaint regarding the functioning of the school is received from the District Education Officer or the Education Department, or if any irregularity is found during inspection by any authorized officer of the Education Department, then necessary action shall be taken against the school management according to rules and regulations.

(Signature)
**Special Secretary School Education**

Letter No.: 2/107/2007-2Edu3/21092
Dated, Chandigarh: 9/8/07

Copy forwarded to the Director Public Instructions (Secondary Education), Punjab, Chandigarh with reference to Memo No. 15/50-2007 Grant-1(5) dated 28-6-07. He is requested to ensure that the school fulfills all the conditions mentioned above. If any deficiency is found, appropriate action should be taken as per the instructions/rules issued by the Punjab Government from time to time.

**Special Secretary School Education**

Principal
MANAV SEHYOG SCHOOL
Shahpur, Jalandhar

NOTARY
ADVOCATE
AJAY BAJAJ
Regd. No. 6252
JALANDHAR (PB)
GOVT OF INDIA

CHAIRMAN
MANAV SEHYOG SCHOOL
Vill. Shahpur, Jalandhar

Translation From Punjabi/Hindi/Urdu
To English Attested

NOTARY, JAL. PUNJAB
Mob. 94171-29297

18 MAY 2026